# ਭਗਤ ਨਾਮਦੇਵ - ਸਬਦ ੧੭

## ਕੋਈ ਬੋਲੈ ਨਿਰਵਾ ਕੋਈ ਬੋਲੈ ਦੂਰਿ ॥

### ਰਾਗੁ ਟੋਡੀ, ਭਗਤ ਨਾਮਦੇਵ, ਗੁਰੂ ਗ੍ਰੰਥ ਸਾਹਿਬ, ੭੧੮

ਕੋਈ ਬੋਲੈ ਨਿਰਵਾ ਕੋਈ ਬੋਲੈ ਦੂਰਿ ॥
ਜਲ ਕੀ ਮਾਛੁਲੀ ਚਰੈ ਖਜੂਰਿ ॥੧॥
ਕਾਂਇ ਰੇ ਬਕਬਾਦੁ ਲਾਇਓ ॥
ਜਿਨਿ ਹਰਿ ਪਾਇਓ ਤਿਨਹਿ ਛਪਾਇਓ ॥੧॥ ਰਹਾਉ ॥
ਪੰਡਿਤੁ ਹੋਇ ਕੈ ਬੇਦੁ ਬਖਾਨੈ ॥
ਮੂਰਖੁ ਨਾਮਦੇਉ ਰਾਮਹਿ ਜਾਨੈ ॥੨॥੧॥

ਸਾਰ: ਅਸਲ ਸੂਝ ਦਾ ਉਦਭਵ ਸਿਰਫ਼ ਬੌਧਿਕ ਜਾਣਕਾਰੀ ਨਾਲ ਨਹੀਂ, ਸਗੋਂ ਸਿੱਧੇ ਅਨੁਭਵ ਰਾਹੀਂ ਹੁੰਦਾ ਹੈ। ਕੋਈ ਮਨੁੱਖ ਸੱਚ ਬਾਰੇ ਬਹੁਤ ਸੁੰਦਰ ਬੋਲ ਸਕਦਾ ਹੈ, ਪਰ ਅਮਲ ਵਿਚ ਉਸ ਤੋਂ ਕੋਹਾਂ ਦੂਰ ਹੋ ਸਕਦਾ ਹੈ। ਫ਼ਲ ਦਾ ਸੁਆਦ ਚੱਖਣ ਅਤੇ ਫ਼ਲਦਾਰ ਬੂਟੇ ਬਾਰੇ ਵਰਣਨ ਕਰਨ ਵਿਚਲਾ ਅੰਤਰ ਇਹੀ ਸਮਝਾਉਂਦਾ ਹੈ ਕਿ ਕਿਤਾਬੀ ਗਿਆਨ ਅਤੇ ਅਨੁਭਵਮਈ ਜੀਵਨ ਵਿਚ ਕਿੰਨਾ ਵੱਡਾ ਪਾੜਾ ਹੁੰਦਾ ਹੈ। ਇਹ ਭਾਵ ਦਰਸਾਉਂਦਾ ਹੈ ਕਿ ਜਦੋਂ ਸ਼ਬਦ ਸਿਰਫ਼ ਰੌਲਾ ਬਣ ਜਾਣ ਤਾਂ ਇਹ ਅਸਲ ਸੂਝ ਨੂੰ ਕੱਜ ਲੈਂਦੇ ਹਨ। ਬਾਹਰੀ ਬਿਆਨਾਂ ਰਾਹੀਂ ਨਹੀਂ, ਅਸਲ ਆਤਮ-ਗਿਆਨ ਅੰਦਰੋਂ ਮਹਿਸੂਸ ਹੋਣਾ ਚਾਹੀਦਾ ਹੈ। ਸੰਖੇਪ ਰੂਪ ਵਿਚ ਕਿਹਾ ਜਾ ਸਕਦਾ ਹੈ ਕਿ ਬਿਬੇਕ ਵਿਵਹਾਰ ਰਾਹੀਂ ਪ੍ਰਗਟ ਹੁੰਦਾ ਹੈ ਨਾ ਕਿ ਸ਼ਬਦਾਂ ਰਾਹੀਂ।

ਕੋਈ ਬੋਲੈ ਨਿਰਵਾ ਕੋਈ ਬੋਲੈ ਦੂਰਿ ॥

ਕੁਝ ਇਸਨੂੰ ਨੇੜੇ ਕਹਿੰਦੇ ਹਨ, ਤੇ ਕੁਝ ਦੂਰ। ਇਹ ਭਾਵ ਦਰਸਾਉਂਦਾ ਹੈ ਕਿ ਭਰਮ ਕਿਵੇਂ ਸਰਬਵਿਆਪੀ ਸਤਾ ਦੀ ਏਕੀਕ੍ਰਿਤ ਹਕੀਕਤ ਨੂੰ ਵਿਗਾੜ ਸਕਦਾ ਹੈ ਅਤੇ ਇਸ ਮੂਲ ਏਕਤਾ ਨੂੰ ਵੰਡੀਆਂ ਵਾਲੇ ਦ੍ਰਿਸ਼ਟੀਕੋਣਾਂ ਵਿਚ ਬਦਲ ਸਕਦਾ ਹੈ।

ਜਲ ਕੀ ਮਾਛੁਲੀ ਚਰੈ ਖਜੂਰਿ ॥੧॥
ਪਾਣੀ ਵਿਚਲੀਆਂ ਮੱਛੀਆਂ ਖਜੂਰ ਦੇ ਰੁੱਖ 'ਤੇ ਚੜ੍ਹਣ ਦੀ ਕੋਸ਼ਿਸ਼ ਕਰ ਰਹੀਆਂ ਹਨ। ਇਹ ਭਾਵ ਦਵੈਤ ਰਾਹੀਂ ਸਚ ਨੂੰ ਪ੍ਰਾਪਤ ਕਰਨ ਦੇ ਵਿਅਰਥ ਉਦਮ ਅਤੇ ਅਸੰਭਵਤਾ ਨੂੰ ਦਰਸਾਉਂਦਾ ਹੈ, ਕਿਉਂਕਿ ਇਸ ਨਾਲ ਅਸੀਂ ਮੂਲ ਏਕਤਾ ਬਾਰੇ ਸਪਸ਼ਟਤਾ ਪ੍ਰਾਪਤ ਨਹੀਂ ਕਰ ਸਕਦੇ। (੧)

ਕਾਂਇ ਰੇ ਬਕਬਾਦੁ ਲਾਇਓ ॥
ਇਸ ਤੱਥਹੀਨ ਅਤੇ ਸਤਹੀ ਵਾਰਤਾਲਾਪ ਵਿਚ ਕਿਉਂ ਰੁੱਝੇ ਹੋਏ ਹੋ? ਇਹ ਭਾਵ ਦਰਸਾਉਂਦਾ ਹੈ ਕਿ ਜੋ ਚਰਚਾ ਸਿਰਫ਼ ਸਿਧਾਂਤ ਤੱਕ ਸੀਮਿਤ ਹੋਵੇ ਅਤੇ ਅਸਲ ਅਨੁਭਵ ਤੋਂ ਰਹਿਤ ਹੋਵੇ, ਉਸ ਦਾ ਕੋਈ ਵਾਸਤਵਿਕ ਮੁੱਲ ਨਹੀਂ ਹੁੰਦਾ।

ਜਿਨਿ ਹਰਿ ਪਾਇਓ ਤਿਨਹਿ ਛਪਾਇਓ ॥੧॥ ਰਹਾਉ ॥
ਜਿਨ੍ਹਾਂ ਨੇ ਸਰਬਵਿਆਪੀ ਤੱਤਸਾਰ ਨੂੰ ਪ੍ਰਾਪਤ ਕਰ ਲਿਆ ਹੈ, ਉਹ ਅਦਿੱਖ ਰਹਿੰਦੇ ਹਨ। ਇਹ ਬੋਧ ਦੀ ਉਸ ਮੋਨ ਅਵਸਥਾ ਨੂੰ ਦਰਸਾਉਂਦਾ ਹੈ ਜਿਸ ਵਿਚ ਮਨੁੱਖ ਅੰਤਰਮੁਖੀ ਹੋ, ਆਪਣੇ ਆਪ ਨੂੰ ਸਾਬਤ ਕਰਨ ਜਾਂ ਸਮਾਜਿਕ ਮਾਨਤਾ ਦੀ ਲੋੜ ਤੋਂ ਮੁਕਤ ਹੋ ਜਾਂਦਾ ਹੈ।  (੧)(ਠਹਿਰਾਉ)

ਪੰਡਿਤੁ ਹੋਇ ਕੈ ਬੇਦੁ ਬਖਾਨੈ ॥
ਕੋਈ ਵਿਦਵਾਨ ਬਣ ਧਾਰਮਿਕ ਗ੍ਰੰਥਾਂ ਦੀ ਵਿਆਖਿਆ ਕਰਦਾ ਹੈ। ਇਹ ਭਾਵ ਉਸ ਗਿਆਨ ਨੂੰ ਦਰਸਾਉਂਦਾ ਹੈ ਜੋ ਕੇਵਲ ਬਾਹਰੀ ਵਿਖਾਵਾ ਬਣ ਕੇ ਰਹਿ ਜਾਂਦਾ ਹੈ ਅਤੇ ਅੰਤਰ-ਆਤਮਾ ਨੂੰ ਰੁਪਾਂਤ੍ਰਿਤ ਕਰਨ ਵਾਲੀ ਸੂਝ ਤੋਂ ਸੱਖਣਾ ਹੁੰਦਾ ਹੈ।

ਮੂਰਖੁ ਨਾਮਦੇਉ ਰਾਮਹਿ ਜਾਨੈ ॥੨॥੧॥
ਪਰ ਸਾਧਾਰਣ ਨਾਮਦੇਵ ਕਹਿੰਦੇ ਹਨ ਕਿ ਉਨ੍ਹਾਂ ਨੇ ਸਰਬਵਿਆਪੀ ਹਕੀਕਤ ਨੂੰ ਅਨੁਭਵ ਕਰ ਲਿਆ ਹੈ। ਇਹ ਭਾਵ ਦਰਸਾਉਂਦਾ ਹੈ ਕਿ ਸਾਦਗੀ ਉਸ ਛੋਹ ਨੂੰ ਪ੍ਰਾਪਤ ਕਰ ਸਕਦੀ ਹੈ ਜਿਸ ਬਾਰੇ ਗਿਆਨ ਸੋਚ ਵੀ ਨਹੀਂ ਸਕਦਾ; ਨਿਰਮਲ ਅਨੁਭਵ ਅਕਸਰ ਦਿਖਾਵੇ ਵਾਲੀ ਵਿਦਵਤਾ ਨਾਲੋਂ ਸਿਰਮੌਰ ਹੁੰਦਾ ਹੈ। (੨)(੧)

**ਤੱਤ:** ਭਗਤ ਨਾਮਦੇਵ ਮੱਛੀ ਦੇ ਖਜੂਰ ਦੇ ਰੁੱਖ 'ਤੇ ਚੜ੍ਹਣ ਦੇ ਦ੍ਰਿਸ਼ਟਾਂਤ ਰਾਹੀਂ ਗਲਤ ਦਿਸ਼ਾ ਵਿਚ ਕੀਤੀ ਮਿਹਨਤ ਦੀ ਵਿਅਰਥਤਾ ਬਾਰੇ ਦਰਸਾਉਂਦੇ ਹਨ। ਇਹ ਰੂਪਕ ਪੇਸ਼ ਕਰਦਾ ਹੈ ਕਿ ਜਟਿਲ ਗਿਆਨ

ਅਕਸਰ ਉਹ ਤੱਥ ਗੁਆ ਬੈਠਦਾ ਹੈ ਜਿਸਨੂੰ ਸਧਾਰਣ ਜਾਗਰੂਕਤਾ ਆਸਾਨੀ ਨਾਲ ਸਮਝ ਲੈਂਦੀ ਹੈ। ਅਸਲ ਸੂਝ ਦਾ ਉਦਭਵ ਬੌਧਿਕਤਾ ਨਾਲ ਨਹੀਂ, ਸਗੋਂ ਸ਼ਾਂਤ ਅਨੁਭਵ ਅਤੇ ਸੱਚਾਈ ਨਾਲ ਹੁੰਦਾ ਹੈ। ਜਿਹੜੇ ਅਸਲ ਵਿਚ ਤੱਤਸਾਰ ਨੂੰ ਜਾਣ ਲੈਂਦੇ ਹਨ, ਉਹਨਾਂ ਨੂੰ ਉਸਨੂੰ ਸਾਬਤ ਕਰਨ ਦੀ ਲੋੜ ਨਹੀਂ ਹੁੰਦੀ; ਉਹਨਾਂ ਦੀ ਨਿਮਰਤਾ ਹੀ ਉਹਨਾਂ ਦੇ ਬਿਬੇਕ ਦੀ ਗਵਾਹ ਬਣ ਜਾਂਦੀ ਹੈ।

---

ਸਬਦ ਵਿਆਖਿਆ ਵਿਨਇੰਦਰ ਕੌਰ ਅਤੇ ਅਮਰਦੀਪ ਸਿੰਘ

**Oneness In Diversity Research Foundation**
ਵੈੱਬਸਾਈਟ: **OnenessInDiversity.com**

ਈਮੇਲ: **onenessindiversityfoundation@gmail.com**